
# ਖ਼ੁਸ਼ੀ ਦੇ ਹੰਝੂ

ਸੁਖਬੀਰ




ਹੇਮਕੁੰਟ

# ਖ਼ੁਸ਼ੀ ਦੇ ਹੰਝੂ

ਸੁਖਬੀਰ

ਹੇਮਕੁੰਟ ਪਬਲਿਸ਼ਰਜ਼ (ਪ੍ਰਾ. ਲਿ.)
ਏ-78 ਨਾਰਾਇਣਾ ਇੰਡਸਟ੍ਰਿਅਲ ਏਰਿਆ ਫੇਜ਼-1 ਨਵੀਂ ਦਿੱਲੀ-110028

© Hemkunt Publishers (P) Ltd.
First Published 1997

Printed at India International Press, A-12/1 Naraina Industrial Area-I, New Delhi-110028

ਹਰ ਉਸ ਮਨੁਖ ਦੇ ਨਾਮ
ਜਿਸਨੇ ਜੀਵਨ ਵਿੱਚ ਸੱਚਾ ਪਿਆਰ ਕੀਤਾ ਹੈ।

# ਭੂਮਿਕਾ

ਪ੍ਰੇਮ ਮਨੁਖ ਨੂੰ ਰਬ ਦਾ ਸਭ ਤੋਂ ਵਡਾ ਵਰਦਾਨ ਹੈ। ਪ੍ਰੇਮ ਤੋਂ ਬਗੈਰ ਜੀਵਨ ਵਿਚ ਕੋਈ ਵੀ ਰੰਗ ਨਹੀਂ ਹੁੰਦਾ, ਇਹ ਨੀਰਜ ਅਤੇ ਅਰਥਹੀਨ ਹੋ ਕੇ ਰਹਿ ਜਾਂਦਾ ਹੈ। ਪ੍ਰੇਮ ਦੀ ਪੀੜਾ, ਉਡੀਕ ਦੀ ਤੜਪ ਅਤੇ ਜੁਦਾਈ ਦਾ ਗਮ, ਇਹ ਸਭ ਇਸ਼ਕ ਦੇ ਮੋਤੀ ਹੀ ਤਾਂ ਹਨ। ਕੇਵਲ ਇਹਨਾਂ ਨੂੰ ਪਿਆਰ ਦੀ ਲੜੀ ਵਿਚ ਪਰੋਣ ਦੀ ਲੋੜ ਹੈ। ਫੇਰ ਦੁਖ ਦੀ ਮਾਲਾ ਖ਼ੁਸ਼ੀ ਦੇ ਹਾਰ ਵਿਚ ਬਦਲ ਜਾਂਦੀ ਹੈ। ਪ੍ਰੇਮ ਇਕ ਅਗ ਹੈ। ਜਿਸ ਵਿਚੋਂ ਲੰਘ ਕੇ ਮਨੁਖ ਦੇ ਅੰਦਰ ਦਾ ਗੰਦ ਸੜ ਜਾਂਦਾ ਹੈ ਅਤੇ ਮਨ ਸੋਨੇ ਵਾਂਗੂ ਨਿੱਖਰ ਉਠਦਾ ਹੈ। ਪਿਆਰ ਇਕ ਰੋਸ਼ਨੀ ਹੈ, ਜਿਸਦੀ ਲੋ ਵਿਚ ਸਭ ਹਨੇਰੇ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਮਨ ਸਚਾਈ ਦੀਆਂ ਕਿਰਨਾਂ ਨਾਲ ਜਗਮਗਾ ਉਠਦਾ ਹੈ।

ਪਿਆਰ ਇਕ ਆਂਧੀ (ਹਨੇਰੀ) ਹੈ ਜਿਹੜੀ ਆਪਣੇ ਵੇਗ ਨਾਲ ਸਭ ਝੂਠੇ ਅਤੇ ਲਾਲਚੀ ਰਿਸ਼ਤਿਆਂ ਨੂੰ ਜੜ੍ਹੋਂ ਪੁਟ ਕੇ ਲੈ ਜਾਂਦੀ ਹੈ ਅਤੇ ਸੱਚੇ ਰਿਸ਼ਤਿਆਂ ਦੀ ਨੁਹਾਰ ਨਿੱਖਰ ਆਉਂਦੀ ਹੈ।

ਮੇਰੇ ਜੀਵਨ ਦੀ ਸਭ ਤੋਂ ਵੱਡੀ ਤਾਕਤ ਮੇਰਾ ਪਿਆਰ ਹੈ ਜਿਸਨੇ ਮੇਰੇ ਜੀਵਨ ਨੂੰ ਖ਼ੁਸ਼ੀ ਦੀ ਸੁਗੰਧ ਨਾਲ ਮੁਅੱਤਰ ਕਰ ਦਿਤਾ ਹੈ। ਇਹ ਪਿਆਰ ਕਈ ਯੁਗਾਂ ਦੀ ਤਪਸਿਆਂ ਅਤੇ ਭਗਤੀ ਨਾਲ ਮਿਲਿਆ ਹੈ।


ਇਸ ਨੇ ਹੀ ਮੈਨੂੰ ਕਵੀ, ਲਿਖਾਰੀ ਅਤੇ ਕਲਾਕਾਰ ਬਣਾਇਆ ਹੈ।

ਰਬ ਅਗੇ ਅਰਦਾਸ ਹੈ ਕਿ ਮੇਰਾ ਪਿਆਰ ਹਮੇਸ਼ਾ ਅਮਰ ਰਹੇ।

—ਸੁਖਬੀਰ

13th April 1997

ਲੰਦਨ




# 1

ਸੂਰਜ ਡੁਬਣ ਵਾਲਾ ਸੀ,
ਉਹਨੇ ਬੜੇ ਗਰੂਰ ਨਾਲ ਦੁਨੀਆਂ ਵਲ ਤਕਿਆ।

ਮੇਰੇ ਬਾਦ, ਹੁਣ ਦੁਨੀਆਂ ਨੂੰ ਕੌਣ ਰੋਸ਼ਨੀ ਦੇਵੇਗਾ?


ਮੇਰੀ "ਪੂਨਮ" ਨੇ ਬੜੀ ਹਲੀਮੀ ਨਾਲ,
ਮੁਸਕਰਾ ਕੇ ਸੂਰਜ ਵਲ ਤਕਿਆ,
ਸੂਰਜ ਘਬਰਾ ਕੇ ਡੁਬ ਗਿਆ।



# 2

ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ,
ਮੇਰਾ ਪਿਆਰ ਸਦੇਵੀ ਰਹਿਣ ਵਾਲਾ ਹੈ,
ਸੰਸਾਰ ਦੇ ਦੁਖਾਂ ਦੇ ਥਪੇੜੇ ਇਹਨੂੰ ਬਦਲ ਨਹੀਂ ਸਕਦੇ।
ਜ਼ਮਾਨੇ ਦੀਆਂ ਹਨੇਰੀਆਂ ਅਤੇ ਵਾਵਰੋਲੇ ਇਹਨੂੰ ਮਿਟਾ ਨਹੀਂ ਸਕਦੇ।

ਮੈਨੂੰ ਤੇਰੇ ਨਾਲ ਪਿਆਰ ਸੀ,
ਮੈਨੂੰ ਤੇਰੇ ਨਾਲ ਪਿਆਰ ਹੈ,
ਮੈਨੂੰ ਤੇਰੇ ਨਾਲ ਪਿਆਰ ਰਹੇਗਾ।



# 3

ਸਾਵਣ ਦਾ ਮਹੀਨਾ ਚੜ੍ਹਿਆ,
ਘਨਘੋਰ ਘਟਾ ਛਾਈਆਂ,
ਸੂਰਜ ਦੀ ਤਪਸ਼ ਮਿਟ ਗਈ,
ਚਮਕਦੀ ਧੁੱਪ ਗਹਿਰੇ ਹਨੇਰੇ ਵਿਚ ਵਟ ਗਈ।

ਬੱਦਲਾਂ ਨੇ ਗਰੂਰ ਨਾਲ ਧਰਤੀ ਵਲ ਤਕਿਆ ਤੇ ਕਿਹਾ
ਸਾਥੋਂ ਜ਼ਿਆਦਾ ਗਹਿਰਾ, ਤੇ ਦਿਲਕਸ਼ ਕਾਲਾ ਰੰਗ ਹੋਰ ਕਿਸਦਾ ਹੋ
ਸਕਦਾ ਹੈ?

ਮੇਰੀ "ਪੂਨਮ" ਨੇ ਬੜੇ ਇਤਮੀਨਾਨ ਨਾਲ ਆਪਣੀਆਂ ਲੰਮੀਆਂ
ਜ਼ੁਲਫ਼ਾਂ ਹਵਾ ਵਿਚ ਲਹਿਰਾਈਆਂ
ਬਦੱਲ ਘਬਰਾ ਕੇ ਛਟ ਗਏ।



# 4

ਬਸੰਤ ਦੀ ਰੁਤ ਪਤਝੜ ਵਿਚ ਬਦਲ ਜਾਂਦੀ ਏ।
ਦਿਨ ਦਾ ਉਜਾਲਾ ਰਾਤ ਦੇ ਹਨੇਰੇ ਵਿਚ ਬਦਲ ਜਾਂਦਾ ਏ।

ਵਕਤ ਹਰ ਕਰਵਟ ਬਦਲਦਾ ਰਹਿੰਦਾ ਏ।
ਪਰ ਸੱਚਾ ਪਿਆਰ ਕਦੀ ਨਹੀਂ ਬਦਲਦਾ।



# 5


ਰਾਤ ਹਨੇਰੀ ਏ,
ਆਕਾਸ਼ ਤੇ ਘਣੇ ਬੱਦਲ ਛਾਏ ਹੋਏ ਨੇ,
ਕਦੀ ਕਦੀ ਜ਼ੋਰਾਂ ਦੀ ਬਿਜਲੀ ਚਮਕਦੀ ਏ,
ਮੈਂ ਤਨਹਾ, ਆਪਣੇ ਕਮਰੇ ਵਿਚ ਬੈਠਾ ਤੈਨੂੰ ਯਾਦ ਕਰ ਰਿਹਾ ਹਾਂ।

ਕਿੰਨਾਂ ਚੰਗਾ ਹੁੰਦਾ, ਜੇ ਤੂੰ ਇਸ ਵੇਲੇ
ਮੇਰੇ ਕੋਲ ਹੁੰਦੀ।




## 6

ਕਦੀ ਕਦੀ ਰਾਤੀ ਮੇਰੀ ਜਾਗ ਖੁਲ ਜਾਂਦੀ ਹੈ
ਫੇਰ ਘੰਟਿਆਂ ਬੱਧੀ ਮੈਂ ਤੇਰੀ ਤਸਵੀਰ ਨਾਲ ਗੱਲਾਂ
ਕਰਦਾ ਰਹਿੰਦਾ ਹਾਂ।
ਕੀ ਮਾਜ਼ੀ ਫੇਰ ਪਰਤ ਕੇ ਨਹੀਂ ਆ ਸਕਦਾ?



# 7

ਤੂੰ ਮੈਨੂੰ ਮਿਲੀ, ਜਿਵੇਂ ਮੈਨੂੰ ਰਬ ਮਿਲ ਗਿਆ ਹੋਵੇ।
ਇਕ ਮਨੁਖ ਜੋ ਵੀ ਖ਼ੂਬੀਆਂ ਕਿਸੇ ਵਿਚ ਭਾਲਦਾ ਏ,
ਉਹ ਸਾਰੀਆਂ ਖ਼ੂਬੀਆਂ ਦੀ ਤੂੰ ਮੁਜੱਸਮਾ ਸੀ।
ਤੂੰ ਮੇਰੇ ਖ਼ਾਬਾਂ ਦੀ ਤਾਬੀਰ ਸੀ।
ਫੇਰ ਤੂੰ ਮੇਰੇ ਤੋਂ ਕਿਉਂ ਵਿਛੜ ਗਈ?



# 8

ਕਿੱਨਾਂ ਚੰਗਾ ਹੋਵੇ,
ਜਦ ਬਹਾਰ ਦਾ ਮੌਸਮ ਆਵੇ
ਤਾਂ ਅਸੀਂ ਬਾਂਹ ਵਿਚ ਬਾਂਹ ਪਾ ਕੇ ਸੈਰ ਕਰਨ ਨੂੰ ਜਾ ਸਕੀਏ
ਜਦ ਪਤਝੜ ਦੀ ਰੁਤ ਆਵੇ
ਤਾਂ ਅਸੀਂ ਉਸਦੇ ਰੰਗਾਂ ਨੂੰ ਆਪਣੀ ਅਖੀਆਂ ਵਿਚ
ਸਮਾ ਲਈਏ।
ਜਦ ਸਰਦੀ ਦਾ ਮੌਸਮ ਆਵੇ
ਤਾਂ ਅਸੀਂ ਇਕ ਦੂਜੇ ਦੀ ਛੋਹ ਨਾਲ ਆਪਣੇ ਆਪ ਨੂੰ ਗਰਮ
ਰਖ ਸਕੀਏ।
ਅਤੇ,
ਜਦ ਗਰਮੀ ਦੀ ਰੁਤ ਆਵੇ
ਤਾਂ ਅਸੀਂ ਇਕੱਠੇ ਮਿਲ ਬੈਠ ਕੇ ਆਕਾਸ਼ ਤੇ ਨਿਕਲੇ ਝਿਲ ਮਿਲ
ਕਰਦੇ ਤਾਰਿਆਂ ਨੂੰ ਗਿਣ ਸਕੀਏ।



# 9

ਭਾਵੇ ਅਸੀਂ ਇਕ ਦੂਜੇ ਤੋਂ ਦੂਰ ਹਾਂ,
ਪਰ ਅਸੀਂ ਇਕ ਦੂਜੇ ਤੋਂ ਜੁੱਦਾ ਨਹੀਂ ਹਾਂ।
ਭਾਵੇਂ ਦੂਰੀ ਤੇ ਵਕਤ ਦੀ ਗਰਦਸ਼ ਨੇ
ਸਾਨੂੰ ਵਖਰੇ ਵਖਰੇ ਰਾਹਾਂ ਤੇ ਤੋਰ ਦਿੱਤਾ ਹੈ,
ਪਰ ਤੂੰ ਹਾਲੇ ਵੀ ਮੇਰੇ ਇੱਨੇ ਕੋਲ ਹੈਂ
ਕਿ ਮੈਂ ਤੇਰੇ ਦਿਲ ਦੇ ਧੜਕਣ ਦੀ ਆਵਾਜ਼ ਸੁਣ ਸਕਦਾ ਹਾਂ।
ਮੈਂ ਆਪਣੇ ਬੁੱਲਾਂ ਤੇ ਤੇਰੇ ਬੁੱਲਾਂ ਦੀ ਛੋਹ ਮਹਸੂਸ ਕਰ ਸਕਦਾ ਹਾਂ।
ਮੈਂ ਆਪਣੇ ਗਲ ਵਿਚ ਤੇਰੀਆਂ ਬਾਹਾਂ ਦੀ ਗਲਵਕੜੀ ਪਹਿਚਾਣ
ਸਕਦਾ ਹਾਂ।

ਤੂੰ ਦੂਰ ਹੋ ਕੇ ਵੀ ਮੇਰੇ ਬਹੁਤ ਕੋਲ ਹੈਂ,
ਮੇਰੇ ਬਹੁਤ ਨੇੜੇ ਹੈਂ।



## 10


ਤੂੰ ਮੇਰੇ ਕੋਲੋਂ ਬਹੁਤ ਦੂਰ ਹੈਂ,
ਕਾਸ਼ ਕਿਧਰੇ ਪੰਖ ਵਿਕਦੇ ਹੁੰਦੇ,
ਮੈਂ ਆਪਣੇ ਲਹੂ ਦਾ ਆਖਰੀ ਕਤਰਾ ਵੀ ਗਿਰਵੀ ਰਖਕੇ
ਉਹਨਾਂ ਨੂੰ ਮੁਲ ਲੈ ਆਉਂਦਾ।

ਅਤੇ ਫੇਰ ਉਹਨਾਂ ਨੂੰ ਆਪਣੇ ਜਿਸਮ ਨਾਲ ਲਾ ਕੇ
ਮੈਂ ਉਡਕੇ ਤੇਰੇ ਕੋਲ ਪੁਜ ਜਾਂਦਾ।



## 11

ਮੇਰਾ ਜੀ ਕਰਦਾ ਕਿ ਮੈਂ
ਤੇਰੀਆਂ ਅੱਖਾਂ ਦਾ ਕਜਲ ਬਣ ਜਾਵਾਂ,
ਤੇਰੇ ਬੁੱਲਾਂ ਦੀ ਲਾਲੀ ਬਣ ਜਾਵਾਂ,
ਤੇਰੇ ਹੱਥਾਂ ਦੀ ਮਹਿੰਦੀ ਬਣ ਜਾਵਾਂ,
ਤੇਰੇ ਪੈਰਾਂ ਦੀ ਝਾਂਜਰ ਬਣ ਜਾਵਾਂ
ਤੇ ਫੇਰ ਤੇਰੇ ਕੋਲੋਂ ਕਦੀ ਨਾ ਨਿਖੜਾਂ।



## 12

ਜੇ ਤੂੰ ਸਮੁੰਦਰ ਦੇ ਪਾਣੀ ਵਿਚ ਹੁੰਦੀ ਤਾਂ ਕਾਸ਼ ਮੈਂ ਮੱਛਲੀ ਹੁੰਦਾ,
ਜੇ ਤੂੰ ਚੰਦ ਦੀ ਕਿਰਨ ਵਿਚ ਹੁੰਦੀ ਤਾਂ ਕਾਸ਼ ਮੈਂ ਚਕੋਰ ਹੁੰਦਾ,
ਜੇ ਤੂੰ ਮੀਂਹ ਦੀ ਬੂੰਦ ਵਿਚ ਹੁੰਦੀ ਤਾਂ ਕਾਸ਼ ਮੈਂ ਪਪੀਹਾ ਹੁੰਦਾ,
ਜੇ ਤੂੰ ਝੀਲ ਦੇ ਜਲ ਵਿਚ ਹੁੰਦੀ ਤਾਂ ਕਾਸ਼ ਮੈਂ ਕੰਵਲ-ਫੁਲ ਹੁੰਦਾ,
ਜੇ ਤੂੰ ਸੂਰਜ ਦੀ ਰੋਸ਼ਨੀ ਵਿਚ ਹੁੰਦੀ ਤਾਂ ਕਾਸ਼ ਮੈਂ ਚਕਵੀ-ਪੰਛੀ
ਹੁੰਦਾ।
ਤੇ ਫੇਰ ਅਸੀਂ ਕਦੀ ਜੁਦਾ ਨਾ ਹੁੰਦੇ,
ਤੇ ਜੇ ਹੁੰਦੇ ਤਾਂ ਫੇਰ ਜੀ ਨਾ ਸਕਦੇ।



## 13

ਮੈਂ ਪਿਆਰ ਦਾ ਰਾਹੀ ਹਾਂ,
ਮੈਂ ਪ੍ਰੇਮ ਦੇ ਗੀਤ ਗਾਂਦਾ ਰਿਹਾ ਹਾਂ,
ਅਤੇ ਪਿਆਰ ਦੀਆਂ ਗੱਲਾਂ ਕਰਦਾ ਰਿਹਾ ਹਾਂ।
ਮੇਰਾ ਪਿਆਰ ਬਾਕੀਆਂ ਤੋਂ ਵਖਰਾ ਹੈ
ਮੇਰਾ ਪਿਆਰ ਤਦ ਪਨਪਿਆ ਸੀ ਜਦ ਮੈਂ ਆਪ ਮਿਟ ਗਿਆ ਸੀ,
ਤੇ ਕੇਵਲ ਤੂੰ ਰਹਿ ਗਈ ਸੀ, ਅਤੇ
ਮੈਂ ਤੇਰੇ ਵਿਚ ਸਮਾ ਗਿਆ ਸੀ।
ਵਖਰੀ ਵਖਰੀ ਹੋਂਦ ਨਾਲ ਪਿਆਰ ਨਹੀਂ ਹੁੰਦਾ,
ਵਿਉਪਾਰ ਹੁੰਦਾ ਹੈ।
ਮੇਰਾ ਪਿਆਰ ਤਾਂ ਅਰਸ਼ਾਂ ਤੋਂ ਉੱਚਾ ਹੈ।



# 14

ਪ੍ਰੇਮ ਮੰਗ ਨਹੀਂ ਹੈ,
ਜਿਥੇ ਮੰਗ ਹੈ ਉਥੇ ਪਿਆਰ ਧੋਖਾ ਹੈ।
ਫਿਰ ਉਥੇ ਕਲਹ ਕਲਹ ਹੈ।
ਮੇਰਾ ਪਿਆਰ ਤਾਂ ਪਾਗਲ ਪਿਆਰ ਹੈ
ਇਹ ਭਾਵਨਾਵਾਂ ਦਾ ਪਿਆਰ ਹੈ
ਇਹ ਦਿਲ ਦਾ ਪਿਆਰ ਹੈ
ਇਹ ਰੂਹ ਦਾ ਪਿਆਰ ਹੈ।




# 15

ਪ੍ਰੇਮ ਸਭ ਤੋਂ ਵੱਡਾ ਧਨ ਹੈ।
ਜਿਸ ਨੇ ਪ੍ਰੇਮ ਨੂੰ ਪਾ ਲਿਆ, ਉਹ ਸਭ ਤੋਂ ਅਮੀਰ ਹੋ ਗਿਆ।
ਉਹ ਆਪਣੀ ਦੁਨੀਆਵੀ ਗਰੀਬੀ ਵਿਚ ਵੀ ਹੀਰੇ ਜਵਾਹਰਾਤ ਦਾ
ਮਾਲਕ ਹੋ ਗਿਆ।
ਪਰ ਜਿਸ ਨੇ ਸੱਚਾ ਪਿਆਰ ਨਹੀਂ ਪਾਇਆ, ਉਹ ਧਨ ਹੁੰਦਿਆਂ
ਹੋਇਆਂ ਵੀ ਬਹੁਤ ਗਰੀਬ ਹੈ।




## 16

ਮੈਂ ਤਾਂ ਕਦ ਦਾ ਤੇਰੇ ਕੋਲ ਖੜਾ ਹਾਂ
ਤੂੰ ਹੀ ਘੁੰਘਟ ਚੁਕ ਕੇ ਮੈਨੂੰ ਨਹੀਂ ਤਕਿਆ–
ਤੂੰ ਹੀ ਤਾਂ ਮੇਰੇ ਅੰਧੇਰੇ ਦਿਲ ਵਿਚ
ਆਪਣੇ ਪਿਆਰ ਦਾ ਦੀਵਾ ਜਲਾ ਕੇ ਰੋਸ਼ਨੀ ਕੀਤੀ ਸੀ,
ਫਿਰ ਤੂੰ ਕਿਵੇਂ ਭੁਲ ਗਈ ਕਿ ਦੀਵੇ ਨੂੰ
ਨਿਤ ਹੋਰ ਤੇਲ ਅਤੇ ਨਵੀਂ ਬੱਤੀ ਦੀ ਵੀ ਲੋੜ ਹੁੰਦੀ ਹੈ!
ਕਦੀ ਤੂੰ ਮੇਰੀਆਂ ਅੱਖਾਂ ਦਾ ਦਰਦ ਤਕਿਆ ਸੀ,
ਕਦੀ ਤੂੰ ਮੇਰੇ ਦਿਲ ਦੀਆਂ ਪੀੜਾਂ ਨੂੰ ਮਹਿਸੂਸ ਕੀਤਾ ਸੀ,
ਪਰ ਅਜ ਫੇਰ ਇਹ ਘੁੰਘਟ ਕਿਉਂ?
ਮੈਂ ਤਾਂ ਕਦ ਦਾ ਤੇਰੇ ਕੋਲ ਖੜਾ ਹਾਂ।
ਤੂੰ ਹੀ ਘੁੰਘਟ ਚੁਕ ਕੇ ਮੈਨੂੰ ਨਹੀਂ ਤਕਿਆ।



## 17

ਮੇਰਾ ਜੀਵਨ ਤਾਂ ਹਮੇਸ਼ਾ ਇਕ ਦਰਦ ਹੀ ਰਿਹਾ ਹੈ।
ਜਦ ਤੂੰ ਕੋਲ ਨਹੀਂ ਹੁੰਦੀ ਤਾਂ ਜੁਦਾਈ ਦਾ ਦਰਦ ਹੁੰਦਾ ਹੈ।
ਜਦ ਤੂੰ ਕੋਲ ਹੁੰਦੀ ਹੈਂ ਤਾਂ ਤੈਥੋਂ ਵਿਛੜਨ ਦਾ ਦਰਦ ਹੁੰਦਾ ਹੈ।



# 18

ਲੋਕ ਕਹਿੰਦੇ ਹਨ ਗੁਰਦਵਾਰੇ ਜਾਓ ਅਤੇ
ਹਥ ਜੋੜ ਕੇ ਸੱਜਦਾ ਕਰੋ।
ਮੈਂ ਤੁਹਾਨੂੰ ਕਹਿੰਦਾ ਹਾਂ ਜਿੱਥੇ ਤੁਸੀਂ ਪਿਆਰ ਨਾਲ ਝੁਕ ਜਾਓਗੇ,
ਉਥੇ ਹੀ ਸਮਝ ਲੈਣਾ ਗੁਰਦਵਾਰਾ ਹੈ।



## 19


ਜੇ ਤੂੰ ਹਮੇਸ਼ਾ ਮੇਰੇ ਨਾਲ ਰਹਿਣ ਦਾ ਵਾਦਾ ਕਰੇਂ,
ਤਾਂ ਮੈਂ ਜੀਵਨ ਭਰ ਤੇਰੇ ਲਈ ਗ਼ਜ਼ਲ ਲਿਖਦਾ ਰਹਾਂਗਾ।
ਮੈਂ ਤਾਂ ਸਦੀਆਂ ਤੋਂ ਆਪਣੇ ਖ਼ਾਬਾਂ ਵਿਚ ਤੇਰਾ
ਬੁਤ ਤਰਾਸ਼ਦਾ ਆਇਆ ਹਾਂ,
ਤੂੰ ਹੀ ਮੈਨੂੰ ਠੀਕ ਢੰਗ ਨਾਲ ਪਹਿਚਾਣ ਨਹੀਂ ਸਕੀ।
ਮੈਂ ਤਾਂ ਰਾਹ ਵਿਚ ਹੀ ਇਕੱਲਾ ਰਹਿ ਗਿਆ ਸੀ,
ਤੂੰ ਇਕ ਵਾਰੀ ਵੀ ਪਿੱਛੇ ਪਰਤ ਕੇ ਨਹੀਂ ਤਕਿਆ।



# 20

ਜਿਸ ਦਿਨ ਸੱਚੇ ਪਿਆਰ ਵਿਚ ਡੁਬਕੇ ਹੱਥ ਤੇ ਖਿੱਚੀਆਂ
ਖੁਦਗਰਜ਼ੀ ਦੀਆਂ ਰੇਖਾਂ ਮਿਟ ਜਾਣ,
ਉਸ ਦਿਨ ਹੀ ਮਨੁਖ ਸੱਚਾ ਆਸ਼ਕ ਬਣਦਾ ਹੈ

ਪਿਆਰ ਇਨਸਾਨ ਨੂੰ ਸ਼ਹਿਨਸ਼ਾਹ ਬਣਾ ਦੇਂਦਾ ਹੈ,
ਪਿਆਰ ਤੋਂ ਬਿਨਾ ਸਭ ਮੰਗਤੇ ਹਨ।
ਪਿਆਰ ਤਾਂ ਖ਼ੁਸ਼ੀ ਦਾ ਸੰਦੇਸ਼ ਹੈ,
ਜੇ ਬਦੱਲ ਘਿਰ ਆਉਣ, ਜੇ ਪੰਛੀ ਗੀਤ ਗਾਉਣ ਲਗ ਪੈਣ,
ਜੇ ਸਾਗਰ ਦੀਆਂ ਲਹਿਰਾਂ ਮਸਤੀ ਵਿਚ ਥਰਕਣਾ ਸ਼ੁਰੂ ਕਰ ਦੇਣ,
ਤਾਂ ਇਹ ਰਬ ਵਲੋਂ ਪਿਆਰ ਦਾ ਸੁਨੇਹਾ ਹੈ।
ਉਸ ਵਕਤ—
ਝੋਲੀ ਫੈਲਾ ਕੇ ਰਬ ਤੋਂ ਇਹ ਦਾਤ ਲੈ ਲੈਣੀ।
ਜੇ ਵਕਤ ਖੁੰਜ ਗਿਆ ਤਾਂ ਜੀਵਨ ਭਰ ਦਾ ਪਛਤਾਣਾ ਰਹੇਗਾ।




# 21

ਜੇ ਮਹਬੂਬਾ ਹਥ ਫੈਲਾਏ,
ਤਾਂ ਝਟ ਘੁਟ ਕੇ ਉਸ ਹਥ ਨੂੰ ਪਕੜ ਲਵੋ।
ਤੇ ਪਕੜਿਆ ਹੋਇਆ ਹਥ ਫੇਰ ਜੀਵਨ ਭਰ ਨਾ ਛਡੋ,
ਇਹ ਹੀ ਸੱਚਾ ਪਿਆਰ ਹੈ।



## 22

ਮੇਰਾ ਪਿਆਰ ਸੱਚੀ ਭਾਵਨਾਵਾਂ ਦਾ ਪ੍ਰੇਮ ਹੈ,
ਸੰਸਾਰ ਜਦ ਸਮਾਜਕ ਤੇ ਦੁਨੀਆਵੀ ਬੰਧਨਾਂ ਵਿਚ ਜਕੜਿਆ
ਜਾਂਦਾ ਹੈ,
ਤਾਂ ਕੱਚੇ ਪਿਆਰ ਵਾਲੇ ਭਾਵਨਾਵਾਂ ਨੂੰ ਭੁਲ ਕੇ ਦਿਮਾਗ ਨਾਲ
ਪਿਆਰ ਨੂੰ ਜੋੜਨ ਦੀ ਕੋਸ਼ਿਸ਼ ਕਰਦੇ ਹਨ।
ਹਿਰਦੇ ਨਾਲ ਉਹਨਾਂ ਦੇ ਸੰਬੰਧ ਗੁਆਚ ਜਾਂਦੇ ਨੇ,
ਤੇ ਉਹ ਪ੍ਰੇਮ ਨੂੰ ਵਿਚਾਰਾਂ ਨਾਲ ਇਕ-ਮਿਕ ਕਰ ਬਹਿੰਦੇ ਹਨ,
ਤੇ ਵਿਚਾਰਾਂ ਦਾ ਪਿਆਰ ਇਕ ਸੌਦਾ ਬਣ ਕੇ ਰਹਿ ਜਾਂਦਾ ਹੈ।



# 23

ਸੱਚੇ ਆਸ਼ਕ ਦਾ ਮਾਰਗ ਪਿਆਰ ਦਾ ਮਾਰਗ ਹੈ,
ਇਹ ਮਾਰਗ ਦਿਲ ਦਾ ਮਾਰਗ ਹੈ,
ਇਸ ਵਿਚ ਵਾਸਨਾ ਦਾ ਕੋਈ ਦੱਖਲ ਨਹੀਂ।
ਜਿਹੜੇ ਸੱਚੇ ਪ੍ਰੇਮ ਦੇ ਮਾਰਗ ਤੇ ਚਲਦੇ ਹਨ,
ਉਹ ਹੀ ਪ੍ਰਮਾਤਮਾ ਨੂੰ ਪਾ ਸਕਦੇ ਹਨ।



# 24

ਮੇਰਾ ਪਿਆਰ ਸੱਚਾ ਪਿਆਰ ਹੈ,
ਇਹ ਮੇਰੇ ਦਿਲ ਤੋਂ ਜਨਮਿਆ ਹੈ,
ਤੇ ਬਨਾਵਟ ਤੇ ਧੋਖੇ ਤੋਂ ਪਰਾਂ ਹੈ।
ਲੋਕਾਂ ਵਾਂਗੂ ਇਹ ਪਿਆਰ ਦੀ ਨਕਲ ਨਹੀਂ ਹੈ।
ਇਹ ਆਪ ਸੱਚ ਹੈ,
ਇਹ ਜਨਮਾਂ ਜਨਮਾਂ ਤੋਂ ਸੱਚ ਹੈ।
ਇਹ ਕਲ ਵੀ ਸੱਚ ਸੀ, ਅਜ ਵੀ ਸਚ ਹੈ,
ਅਤੇ ਕਲ ਵੀ ਸੱਚ ਰਹੇਗਾ।




# 25

ਲੋਕੀ ਸਮਝਦੇ ਹਨ ਕਿ ਪਿਆਰ ਵਿਚ ਦੁੱਖ ਹੈ,
ਸ਼ਾਇਦ ਜਿਹੋ ਜਿਹਾ ਪਿਆਰ, ਉਹਨਾਂ ਕੀਤਾ ਹੈ,
ਉਸ ਵਿਚ ਦੁਖ ਹੋਵੇ।
ਪਰ ਉਹ ਦੁਖ ਪਿਆਰ ਦੇ ਕਾਰਣ ਨਹੀਂ ਹੋ ਸਕਦਾ,
ਉਸਦਾ ਕਾਰਣ ਸ਼ਾਇਦ ਪ੍ਰੇਮ ਕਰਨ ਵਾਲਾ ਆਪ ਹੋਵੇ।
ਰਾਂਝੇ ਨੇ ਤਾਂ ਪਿਆਰ ਵਿਚ ਆਨੰਦ ਲਭ ਲਿਆ ਸੀ, ਅਤੇ
ਹੀਰ ਵੀ ਪ੍ਰੇਮ ਵਿਚ ਅਮਰ ਹੋ ਗਈ ਸੀ।
ਫੇਰ ਪਿਆਰ ਵਿਚ ਦੁੱਖ ਕਿਹਾ?




# 26

ਪਿਆਰ ਸ਼ਮਾ ਨੂੰ ਪਰਵਾਨੇ ਨਾਲ ਹੈ,
ਯਾ ਪਰਵਾਨੇ ਨੂੰ ਸ਼ਮਾ ਨਾਲ ਹੈ,
ਇਸ ਗਲ ਦਾ ਫਰਕ ਨਹੀਂ ਪੈਂਦਾ।
ਸੱਚੀ ਗਲ ਤਾਂ ਇਹ ਹੈ ਕਿ ਦੋਵੇਂ ਪ੍ਰੇਮ ਵਿੱਚ ਪਾਗਲ ਹਨ,
ਦੋਵੇਂ ਇਕ ਦੂਜੇ ਵਿਚ ਸਮਾ ਚੁੱਕੇ ਹਨ।
ਦੋਵਾਂ ਵਿਚ ਸੰਘਰਸ਼ ਦੀ ਥਾਂ ਸਪਰਸ਼ ਨੇ ਲੈ ਲਈ ਹੈ।
ਅਤੇ ਦੋਵੇਂ ਹਮੇਸ਼ਾ ਇਕ ਦੂਜੇ ਤੇ ਮਿਟਣ ਲਈ ਵਿਆਕੁਲ ਰਹਿੰਦੇ
ਹਨ।




# 27

ਜਿਸ ਪਿਆਰ ਦੀ ਗਲ ਮੈਂ ਕਰ ਰਿਹਾ ਹਾਂ
ਉਹ ਤਾਂ ਮਿਟਣ ਤੋਂ ਬਾਦ ਹੀ ਪੈਦਾ ਹੁੰਦਾ ਹੈ।
ਸਾਗਰ ਦੀ ਲਹਿਰ ਵਾਂਗੂ ਉਹ ਅਸਥਾਈ ਨਹੀਂ ਹੈ
ਬਲਕਿ ਸਾਗਰ ਦੀ ਡੂੰਘਾਈ ਵਾਂਗੂ ਉਹ ਸਥਾਈ ਹੈ।
ਫੁਲ ਦੀ ਖ਼ੁਸ਼ਬੂ ਵਾਂਗੂ, ਦੀਵੇ ਦੀ ਲੋ ਵਾਂਗੂ,
ਆਬਸ਼ਾਰਾਂ ਦੀ ਆਵਾਜ਼ ਵਾਂਗੂ, ਅਤੇ ਪੱਤਿਆਂ ਦੀ ਖੜਖੜਾਹਟ
ਵਾਂਗੂ, ਇਹ ਸਚ ਹੈ, ਅਟਲ ਹੈ ਅਤੇ ਅਬਦਲ ਹੈ।



## 28

ਮੈਂ ਆਪਣੇ ਪ੍ਰੇਮ ਵਿਚ ਆਪਾ ਉਸਨੂੰ ਸੌਂਪ ਦਿੱਤਾ ਹੈ,
ਦੋ ਰੂਹਾਂ ਇਕ ਦੂਜੇ ਵਿਚ ਸਮਾ ਗਈਆਂ ਹਨ।
ਮੈਂ ਤੇ ਤੂੰ, ਤੂੰ ਤੇ ਮੈਂ ਮਿਟ ਗਿਆ ਹੈ।
ਜੋ ਸੰਬੰਧ ਦੀਵੇ ਤੇ ਬਾਤੀ ਦਾ ਹੈ,
ਫੁੱਲ ਤੇ ਖ਼ੁਸ਼ਬੂ ਦਾ ਹੈ
ਰਾਤ ਤੇ ਖਾਮੋਸ਼ੀ ਦਾ ਹੈ
ਉਹ ਹੀ ਸੰਬੰਧ ਉਸਦਾ ਤੇ ਮੇਰਾ ਹੈ।




# 29

ਮੇਰਾ ਪ੍ਰੇਮ ਅਸੀਮਤ ਹੈ,
ਇਸ ਵਿਚ ਕੋਈ ਸ਼ਰਤ ਨਹੀਂ, ਕੋਈ ਮਲਕੀਅਤ ਨਹੀਂ,
ਕੋਈ ਹੰਕਾਰ ਨਹੀਂ ਅਤੇ ਕੋਈ ਵਿਚਾਰ ਨਹੀਂ।
ਇਸ ਵਿਚ ਤਿਆਗ ਹੈ, ਬਲੀਦਾਨ ਹੈ।
ਰਾਖ ਹੋ ਜਾਣ ਦਾ ਵਾਦਾ ਹੈ,
ਅਤੇ ਮਰ ਮਿਟਣ ਦੀ ਸੌਗੰਧ ਹੈ।



# 30

ਮੇਰੇ ਪਿਆਰ ਦੀ ਝਲਕ–
ਤੈਨੂੰ ਪੂਨਮ ਦੇ ਚੰਨ ਦੀਆਂ ਕਿਰਨਾਂ ਵਿਚੋਂ ਮਿਲੇਗੀ,
ਗੁਲਾਬ ਦੇ ਫੁਲ ਦੇ ਸਪਰਸ਼ ਵਿਚੋਂ ਲੱਭੇਗੀ,
ਬੁਲਬੁਲ ਦੇ ਗੀਤ ਵਿਚੋਂ ਸੁਣਾਈ ਦੇਵੇਗੀ,
ਅਤੇ ਆਬਸ਼ਾਰਾਂ ਦੇ ਪਾਣੀਆਂ ਵਿਚ ਥਰਕਦੀ ਦਿਸੇਗੀ।



# 31

ਭਾਵੇਂ ਮੈਂ ਕਿੰਨੇ ਜਨਮ ਲਵਾਂ
ਪਰ ਹਰ ਜਨਮ ਵਿੱਚ ਮੈਂ ਤੇਰਾ ਮਹਬੂਬ ਬਣਾਂਗਾ।
ਭਾਵੇਂ ਮੈਂ ਕਿੰਨੀਆਂ ਮੌਤਾਂ ਮਰਾਂ
ਪਰ ਹਰ ਮੌਤ ਤੋਂ ਬਾਦ ਮੈਂ ਕੇਵਲ ਤੇਰੇ ਲਈ ਹੀ ਜਨਮਾਂਗਾ।
ਆਕਾਸ਼ ਤੇ ਪੰਛੀ ਬਣਕੇ,
ਸਾਗਰ ਵਿਚ ਮੱਛੀ ਬਣਕੇ,
ਤੇ ਧਰਤੀ ਤੇ ਮਨੁਖ ਬਣਕੇ,
ਮੈਂ ਕੇਵਲ ਤੈਨੂੰ ਹੀ ਪਿਆਰ ਕਰਾਂਗਾ।




## 32

ਪਰ,
ਤੈਨੂੰ, ਤੇਰੇ ਪਿਆਰ ਤੇ ਕੋਈ ਬੰਦਿਸ਼ ਨਹੀਂ।
ਮੈਂ ਤਾਂ ਕਦ ਦਾ ਆਪਣੇ ਪਿਆਰ ਦਾ ਪਿੰਜਰਾ ਖੋਲ ਕੇ,
ਤੈਨੂੰ ਉਡਣ ਲਈ ਕਹਿ ਚੁਕਾਂ ਹਾਂ।
ਮੇਰਾ ਪਿਆਰ ਪਰਛਾਈਂ ਵਾਂਗੂ ਤੇਰਾ ਪਿੱਛਾ ਨਹੀਂ ਕਰੇਗਾ,
ਸਗੋਂ ਪੁਨਿਆਂ ਦੇ ਚੰਦ ਦੀਆਂ ਕਿਰਨਾਂ ਬਣਕੇ
ਤੈਨੂੰ ਨਵੇਂ ਰਸਤਿਆਂ ਤੇ ਰੌਸਨੀ ਦੇਵੇਗਾ।




# 33

ਤੂੰ ਮੇਰੇ ਪਿਆਰ ਦੇ ਜਨੂਨ ਦੀ ਸੀਮਾ ਹੈਂ,
ਮੈਂ ਆਪਣਾ ਦਿਲ ਤੈਨੂੰ ਅਰਪਣ ਕਰ ਚੁੱਕਾ ਹਾਂ,
ਮੈਂ ਆਪਣੇ ਦਿਲ ਦੀ ਧੜਕਨ ਦੀ ਆਵਾਜ਼ ਲੁਕਾਣਾ
ਚਾਹੁੰਦਿਆ ਹੋਇਆਂ ਵੀ ਲੁਕਾ ਨਹੀਂ ਸਕਿਆ।
ਮੇਰੀ ਮੁਸਕਰਾਹਟ, ਮੇਰੀਆਂ ਖ਼ੁਸ਼ੀਆਂ ਸਭ ਤੇਰੇ ਲਈ ਵਕਫ਼ ਹਨ।
ਮੈਂ ਕੇਵਲ ਤੇਰੇ ਲਈ ਹੀ ਜੀ ਰਿਹਾ ਹਾਂ।




## 34

ਮੇਰੀ ਤਾਂ ਇਹ ਹੀ ਦੁਆ ਹੈ
ਕਿ ਪਤਝੜ ਦੇ ਮੌਸਮ ਵਿਚ ਵੀ,
ਤੇਰੇ ਗੁਲਸ਼ਨ ਵਿਚ ਫੁਲ ਖਿਲੇ ਰਹਿਣ ਤੇ ਤੈਨੂੰ ਮਹਕ ਦੇਂਦੇ ਰਹਿਣ।
ਤੇਰੇ ਜੀਵਨ ਦੀ ਹਰ ਰਾਤ ਪੂਰਨਮਾਸ਼ੀ ਦੀ ਰਾਤ ਹੋਵੇ,
ਅਮਾਵਸ ਦਾ ਹਨੇਰਾ ਤੇਰੇ ਜੀਵਨ ਦੇ ਕੋਲ ਫੱਟਕ ਵੀ ਨਾ ਸਕੇ,
ਤੇਰਾ ਪੂਰਾ ਜੀਵਨ ਮੁਸਕਰਾਹਟਾਂ ਤੇ ਖ਼ੁਸ਼ੀਆਂ ਨਾਲ ਭਰਿਆ ਰਹੇ,
ਦੁਖਾਂ ਤੇ ਦਰਦਾਂ ਦੇ ਸਾਏ ਤੇਰੇ ਕੋਲ ਦੀ ਲੰਘ ਵੀ ਨਾ ਸਕਣ।




35

ਸੱਚਾ ਪਿਆਰ ਜੀਵਨ ਦੇ ਸਾਰੇ ਤੁਫਾਨਾਂ ਦਾ
ਮੁਕਾਬਲਾ ਕਰ ਸਕਦਾ ਹੈ,
ਪਰ ਸ਼ਾਇਦ ਬੇਵਫਾਈ ਦਾ ਸੱਲ ਨਹੀਂ ਝਲ ਸਕਦਾ।




## 36

ਸੱਚੇ ਪਿਆਰ ਦੀ ਬੁਨਿਆਦ ਪਿਛਲੇ ਕਈ ਜਨਮਾਂ
ਦੇ ਤੱਪ ਵਿਚ ਹੁੰਦੀ ਹੈ,
ਇਸਦਾ ਸ਼ੁਰੂ ਤੇ ਅੰਤ ਲਭਣਾ ਨਾਮੁਮਕਨ ਹੈ।



# 37

ਸੱਚੇ ਪਿਆਰ ਵਿਚ ਲਥਪਥ (ਗੜੁਚ) ਜੀਵਨ
ਉਸ ਗੁਲਾਬ ਦੇ ਫੁਲ ਵਾਂਗੂ ਹੁੰਦਾ ਹੈ, ਜਿਹੜਾ ਹੁਣੇ ਹੁਣੇ ਖਿੜਿਆ ਹੈ,
ਅਤੇ ਜਿਸਦੀ ਸੁਗੰਧ ਸਾਰੇ ਵਾਤਾਵਰਣ ਨੂੰ ਸੁਗੰਧਤ ਕਰ ਦੇਂਦੀ ਹੈ।




38

ਜਿਨ੍ਹਾਂ ਦੇ ਜੀਵਨ ਵਿਚ ਪਿਆਰ ਨਹੀਂ ਹੁੰਦਾ,
ਉਹਨਾਂ ਦਾ ਜੀਵਨ ਨੀਰਸ, ਬੇਰੰਗ ਅਤੇ ਬੇਮਕਸਦ ਹੁੰਦਾ ਹੈ।
ਪਿਆਰ ਜੀਵਨ ਲਈ ਉਮੰਗ, ਪਿਆਰੇ ਪਿਆਰੇ ਰੰਗ ਅਤੇ
ਮਕਸਦ ਲੈ ਕੇ ਆਉਂਦਾ ਹੈ।



# 39

ਸੂਰਜ ਦੀਆਂ ਆਖਰੀ ਕਿਰਨਾਂ ਫਸਲਾਂ ਦੇ ਪੱਤਿਆਂ ਨੂੰ ਚਮਕਾ
ਰਹੀਆਂ ਨੇ,
ਹੌਲੀ ਹੌਲੀ ਧੁੰਧਲਕਾ ਵੱਧ ਰਿਹਾ ਏ
ਮੇਰੇ ਦਿਲ ਵਿਚ ਹਜ਼ਾਰਾਂ ਤੂਫ਼ਾਨ ਉਮੜ ਰਹੇ ਨੇ।
ਤੂੰ ਮੇਰਾ ਹਥ ਪਕੜ ਲੈ–
ਨੀਲਾ ਆਕਾਸ਼, ਵਿਰਾਨ ਦਰਖ਼ਤ
ਸਭ ਕੁਝ ਕਿੰਨਾ ਠੰਡਾ ਏ।
ਆਪਣੇ ਸਪਰਸ਼ ਨਾਲ ਮੈਨੂੰ ਗਰਮਾ ਦੇ।
ਇਸ ਪਹਾੜ ਦੀ ਚੋਟੀ ਤੋਂ, ਸੂਰਜ ਅਸਤ ਹੁੰਦਾ ਕਿੰਨਾ
ਰੋਮਾਂਚਕ ਲਗ ਰਿਹਾ ਏ–
ਤੂੰ ਮੈਨੂੰ ਜ਼ੋਰ ਨਾਲ ਗਲਵਕੜੀ ਵਿਚ ਘੁਟ ਲੈ–
ਹਵਾ ਵੀ ਸਾਡੇ ਦਰਮਿਆਨ ਤੋਂ ਲੰਘ ਕੇ ਨਾ ਜਾ ਸਕੇ।




HP HEMKUNT